ਅਜੀਤ, ਬਠਿੰਡਾ
ਬਰਨਾਲਾ ਅਜੀਤ
ਸ਼ੁੱਕਰਵਾਰ, 28 ਨਵੰਬਰ 2025

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ



ਰੇਡੀਓ

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 28 ਨਵੰਬਰ ਨੂੰ ਸ਼ਾਮ 4.00 ਤੋਂ 6.00 ਵਜੇ ਤੱਕ ਭਾਈ ਜਤਿੰਦਰਪਾਲ ਸਿੰਘ ਅਤੇ 29 ਨਵੰਬਰ ਨੂੰ ਸਵੇਰੇ 4.00 ਤੋਂ 6.00 ਵਜੇ ਤੱਕ ਭਾਈ ਜਗਤਾਰ ਸਿੰਘ ਰਾ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

ਪੀ. ਟੀ. ਸੀ.

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 28 ਨਵੰਬਰ ਨੂੰ ਸ਼ਾਮ 4.30 ਤੋਂ 6.30 ਵਜੇ ਤੱਕ ਭਾਈ ਜਤਿੰਦਰਪਾਲ ਸਿੰਘ ਤੇ ਭਾਈ ਜੁਝਾਰ ਸਿੰਘ ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' ਭਾਈ ਤਜਿੰਦਰ ਸਿੰਘ ਤੇ 29 ਨਵੰਬਰ ਨੂੰ ਸਵੇਰੇ 3.55 ਵਜੇ ਤੋਂ 7.45 ਵਜੇ ਤੱਕ ਭਾਈ ਜਗਤਾਰ ਸਿੰਘ ਰਾ ਤੇ ਭਾਈ ਨਵਨੀਤ ਸਿੰਘ ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.55 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ : 28 ਨਵੰਬਰ ਨੂੰ ਭਾਈ ਸਾਹਿਬ ਭਾਈ ਹਰਪਾਲ ਸਿੰਘ ਮੁੱਖ ਗ੍ਰੰਥੀ ਗੁ: ਸ੍ਰੀ ਫ਼ਤਹਿਗੜ੍ਹ ਸਾਹਿਬ ਤੇ 29 ਨਵੰਬਰ ਨੂੰ ਗਿਆਨੀ ਸੰਤੋਖ ਸਿੰਘ ਸੁਰਸਿੰਘ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ

ਮਹਿਲ ਕਲਾਂ, 27 ਨਵੰਬਰ (ਅਵਤਾਰ ਸਿੰਘ ਅਣਖੀ)-ਬਰੌਂਡਵੇ ਪਬਲਿਕ ਸਕੂਲ ਮਨਾਲ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਉਨ੍ਹਾਂ ਦੇ ਪਿਆਰੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਉਪਰੰਤ ਰਾਗੀ ਜਥੇ ਨੇ ਰਸਭਿੰਨੇ ਕੀਰਤਨ ਨੇ ਸਾਰੀ ਸੰਗਤ ਨੂੰ ਸ਼ਾਂਤੀ ਅਤੇ ਆਤਮਿਕ ਅਨੰਦ ਨਾਲ ਭਰ ਦਿੱਤਾ। ਇਸ ਮੌਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਬੇਮਿਸਾਲ ਬਲੀਦਾਨ, ਇਨਸਾਨੀ ਅਧਿਕਾਰਾਂ ਦੀ ਰੱਖਿਆ ਅਤੇ ਧਾਰਮਿਕ ਆਜ਼ਾਦੀ ਲਈ ਕੀਤੀ ਕੁਰਬਾਨੀ ਨੂੰ ਯਾਦ ਕੀਤਾ ਗਿਆ। ਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਗੁਰੂ ਸਾਹਿਬ ਜੀ ਦਾ ਜੀਵਨ ਨਿਰਭੈਤਾ, ਸਚਾਈ ਅਤੇ ਮਨੁੱਖਤਾ ਦੀ ਰੱਖਿਆ ਲਈ ਪ੍ਰੇਰਨਾਦਾਇਕ ਹੈ। ਇਸ ਸਮੇਂ ਅਰਦਾਸ ਬੇਨਤੀ ਦੌਰਾਨ ਸਮਾਜ 'ਚ ਅਮਨ, ਸਾਂਝ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਲਈ ਦੁਆ ਮੰਗੀ ਗਈ। ਸੰਸਥਾ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ ਨੇ ਇਸ ਰੂਹਾਨੀ ਸਮਾਗਮ ਨੂੰ ਵਿਦਿਆਰਥੀਆਂ ਦੀ ਆਤਮਿਕ ਵਿਕਾਸ ਵੱਲ ਇੱਕ ਮਹੱਤਵਪੂਰਨ ਕਦਮ ਆਖਦਿਆਂ ਗੁਰੂਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਜਿਊਣ ਦੀ ਅਪੀਲ ਕੀਤੀ। ਇਸ ਸਮੇਂ ਸਮੂਹ ਵਿਦਿਆਰਥੀਆਂ, ਮਾਪਿਆਂ, ਮੁਹਤਬਰਾਂ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਸਮੂਹ ਮਹਾਨ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਸਿਜਦਾ ਕੀਤਾ।

ਬਰੌਂਡਵੇ ਪਬਲਿਕ ਸਕੂਲ ਮਨਾਲ ਵਿਖੇ ਰਾਗੀ ਜਥਾ ਕੀਰਤਨ ਕਰਦਾ ਹੋਇਆ ਅਤੇ ਸਮਾਗਮ ਵਿਚ ਸ਼ਾਮਿਲ ਵਿਦਿਆਰਥੀ, ਸਟਾਫ਼ ਮੈਂਬਰ। ਤਸਵੀਰਾਂ: ਅਵਤਾਰ ਸਿੰਘ ਅਣਖੀ



ਸ਼ਹਿਣਾ ਦੀ ਨਹਿਰ ਦੀ ਪਟੜੀ 'ਤੇ ਪਿਆ ਪਿੱਪਲ ਦਾ ਦਰਖ਼ਤ। ਤਸਵੀਰ : ਸੁਰੇਸ਼ ਗੋਗੀ

ਸ਼ਹਿਣਾ ਨਹਿਰ ਦੀ ਪਟੜੀ 'ਤੇ ਅਗਸਤ 'ਚ ਡਿੱਗਿਆ ਪਿੱਪਲ ਲੋਕਾਂ ਲਈ ਮੁਸੀਬਤ ਬਣਿਆ

ਸ਼ਹਿਣਾ, 27 ਨਵੰਬਰ (ਸੁਰੇਸ਼ ਗੋਗੀ)-ਕਸਬਾ ਸ਼ਹਿਣਾ ਦੀ ਨਹਿਰੀ ਪਟੜੀ 'ਤੇ ਨਹਿਰੀ ਕੋਠੀ ਦੇ ਨੇੜੇ ਇਕ ਪਿੱਪਲ ਦੇ ਵੱਡੇ ਦਰਖ਼ਤ ਡਿੱਗੇ ਨੂੰ ਤਕਰੀਬਨ 4 ਮਹੀਨੇ ਹੋ ਗਏ ਪਰ ਜੰਗਲਾਤ ਮਹਿਕਮੇ ਦਾ ਕੋਈ ਧਿਆਨ ਨਹੀਂ ਹੈ, ਕਈ ਵਾਰ ਮਹਿਕਮੇ ਦੇ ਧਿਆਨ ਵਿਚ ਵੀ ਲਿਆਂਦਾ ਹੈ ਕਿਉਂਕਿ ਲੰਘਣ ਵਾਲੇ ਰਾਹਗੀਰ ਮੋਟਰਸਾਈਕਲ ਸਾਈਕਲ ਨਹੀਂ ਲੰਘ ਰਹੇ। ਇਸ ਕਰ ਕੇ ਮੰਗ ਕਰਦੇ ਹਾਂ ਕਿ ਇਸ ਨੂੰ ਜਲਦੀ ਚੁੱਕਿਆ ਜਾਵੇ ਰਸਤਾ ਬਹਾਲ ਕੀਤਾ ਜਾਵੇਗਾ। ਇਸ ਮੌਕੇ ਜੀਤਾ ਬਾਬਾ, ਗੁਰਜੰਟ ਸਿੰਘ ਬਦਰੇਵਾਲਾ ਹਾਜ਼ਰ ਸਨ।

ਟਰਾਈਡੈਂਟ ਮੁ.ਫ਼ਤ ਮੈਗਾ ਮੈਡੀਕਲ ਕੈਂਪ ਗ਼ਰੀਬ ਲੋਕਾਂ ਲਈ ਬਣਿਆ ਵੱਡਾ ਸਹਾਰਾ

ਕੈਂਪ ਵਿਚ ਟੈੱਸਟ, ਐਕਸ-ਰੇ, ਈ.ਸੀ.ਜੀ. ਅਤੇ ਦਵਾਈਆਂ ਦਿੱਤੀਆਂ ਜਾ ਰਹੀਆਂ ਮੁ.ਫ਼ਤ

ਬਰਨਾਲਾ, 27 ਨਵੰਬਰ (ਗੁਰਪ੍ਰੀਤ ਸਿੰਘ ਲਾਡੀ)-ਟਰਾਈਡੈਂਟ ਗਰੁੱਪ ਸ਼ੁਰੂ ਕੀਤੇ ਗਏ 'ਮੁ.ਫ਼ਤ ਮੈਗਾ ਮੈਡੀਕਲ ਕੈਂਪ-2025' ਦੇ ਪੰਜਵੇਂ ਪੜਾਅ ਦੇ ਦੂਜੇ ਦਿਨ ਵੱਡੀ ਗਿਣਤੀ ਮਰੀਜ਼ਾਂ ਵਲੋਂ ਸ੍ਰੀ.ਐਮ.ਸ੍ਰੀ. ਹਸਪਤਾਲ ਦੇ ਵੱਖ-ਵੱਖ ਮਾਹਿਰ ਡਾਕਟਰਾਂ ਤੋਂ ਚੈੱਕਅਪ ਕਰਵਾਇਆ ਗਿਆ। ਟਰਾਈਡੈਂਟ ਅਧਿਕਾਰੀ ਰੁਪਿੰਦਰ ਗੁਪਤਾ ਨੇ ਦੱਸਿਆ ਕਿ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਅਤੇ ਮੈਂਬਰ ਰਾਜ ਸਭਾ ਪਦਮਸ਼੍ਰੀ ਰਜਿੰਦਰ ਗੁਪਤਾ, ਸੀ.ਐੱਸ.ਆਰ. ਹੈੱਡ ਮੈਡਮ ਮਧੂ ਗੁਪਤਾ ਅਤੇ ਸੀ.ਐਕਸ.ਓ. ਅਭਿਸ਼ੇਕ ਗੁਪਤਾ ਦੇ ਦੇਖਰੇਖ ਹੇਠ ਚੱਲ ਰਹੇ ਇਸ ਕੈਂਪ ਵਿਚ ਇਲਾਜ ਲਈ ਪਹੁੰਚਦੇ ਮਰੀਜ਼ਾਂ ਦੀ ਭਾਰੀ ਗਿਣਤੀ ਦੱਸਦੀ ਹੈ ਕਿ ਟਰਾਈਡੈਂਟ ਗਰੁੱਪ ਦਾ ਇਹ ਕਦਮ ਕਿੰਨਾ ਅਹਿਮ ਹੈ ਕਿਉਂਕਿ ਕੈਂਪ ਵਿਚ ਮਰੀਜ਼ਾਂ ਨੂੰ ਨਾ ਸਿਰਫ਼ ਮੁ.ਫ਼ਤ ਜਾਂਚ ਅਤੇ ਇਲਾਜ ਦੀ ਸਹੂਲਤ ਮਿਲ ਰਹੀ ਹੈ ਸਗੋਂ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਵੀ ਬਿਲਕੁਲ ਮੁ.ਫ਼ਤ ਦਿੱਤੀਆਂ ਜਾ ਰਹੀਆਂ ਹਨ। ਇਹ ਕੈਂਪ ਖ਼ਾਸ ਕਰ ਕੇ ਉਨ੍ਹਾਂ ਲੋਕਾਂ ਲਈ ਵੱਡਾ ਸਹਾਰਾ ਬਣਿਆ ਹੈ ਜੋ ਮਹਿੰਗੇ ਇਲਾਜ ਕਰਵਾਉਣ ਤੋਂ ਅਸਮਰਥ ਹਨ। ਉਨ੍ਹਾਂ ਦੱਸਿਆ ਕਿ ਇਹ ਕੈਂਪ 28 ਨਵੰਬਰ ਅਤੇ 3, 4 ਤੇ 5 ਦਸੰਬਰ ਤੱਕ ਜਾਰੀ ਰਹੇਗਾ। ਕੈਂਪ 'ਚ ਟਰਾਈਡੈਂਟ ਗਰੁੱਪ ਦੇ ਸਟਾਫ਼ ਵੱਲੋਂ ਕੈਂਪ ਇੰਚਾਰਜ ਪਵਨ ਸਿੰਗਲਾ, ਜਗਰਾਜ ਪੰਡੋਰੀ, ਗੁਰਵਿੰਦਰ ਕੌਰ, ਰੁਪਿੰਦਰ ਕੌਰ ਮਰੀਜ਼ਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਹਨ। ਮਰੀਜ਼ਾਂ ਦੀ ਰਜਿਸਟਰੇਸ਼ਨ ਕਰਵਾਉਣ ਤੋਂ ਲੈ ਕੇ ਡਾਕਟਰਾਂ ਤੋਂ ਜਾਂਚ ਕਰਵਾਉਣ ਅਤੇ ਮੁ.ਫ਼ਤ ਦਵਾਈਆਂ ਦਿਵਾਉਣ ਤੱਕ ਟਰਾਈਡੈਂਟ ਗਰੁੱਪ ਦੇ ਸਟਾਫ਼ ਮੈਂਬਰ ਲਗਾਤਾਰ ਯਤਨਸ਼ੀਲ ਹਨ ਤਾਂ ਜੋ ਕਿਸੇ ਵੀ ਮਰੀਜ਼ ਨੂੰ ਕੋਈ ਖੱਜਲ ਖ਼ੁਆਰੀ ਨਾ ਹੋਵੇ। ਉਨ੍ਹਾਂ ਦੱਸਿਆ ਕਿ ਮਰੀਜ਼ਾਂ ਨੂੰ ਆਮ ਸਿਹਤ ਜਾਂਚ, ਮਾਹਿਰ ਡਾਕਟਰੀ ਸਲਾਹ, ਡੈਂਟਲ ਸਕੇਲਿੰਗ, ਫੀਲਿੰਗ ਅਤੇ ਐਕਸਟਰੈਕਸ਼ਨ, ਡਾਇਗਨੋਸਟਿਕ ਟੈਸਟ, ਮੁ.ਫ਼ਤ ਦਵਾਈਆਂ, ਐਕਸ-ਰੇ, ਈ.ਸੀ.ਜੀ., ਮੋਤੀਆ ਬਿੰਦ ਦੀ ਜਾਂਚ, ਅੱਖਾਂ ਦੀ ਪੂਰੀ ਤਰੀ ਜਾਂਚ ਅਤੇ ਮੁ.ਫ਼ਤ ਚਸ਼ਮਿਆਂ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਪਿੰਡ ਸੇਖਾ ਤੋਂ ਅੱਖਾਂ ਤੇ ਗੋਡਿਆਂ ਦਾ ਇਲਾਜ ਕਰਵਾਉਣ ਲਈ ਪਹੁੰਚੀ ਬਜ਼ੁਰਗ ਹਰਪਾਲ ਕੌਰ, ਪਿੰਡ ਭੱਦਲਵੱਢ ਤੋਂ ਪੁੱਜੇ 68 ਸਾਲਾ ਬਜ਼ੁਰਗ ਅਜੀਤ ਸਿੰਘ, ਬਰਨਾਲਾ ਵਾਸੀ ਸੀਮਾ ਜੋ ਆਪਣੀ ਕਮਰ ਦੇ ਦਰਦ ਤੇ ਆਪਣੀ ਬੱਚੀ ਅੰਕਿਤਾ ਦੇ ਪੇਟ ਦਰਦ ਦੇ ਇਲਾਜ ਲਈ ਕੈਂਪ 'ਚ ਪੁੱਜੀ ਆਦਿ ਮਰੀਜ਼ਾਂ ਨੇ ਕਿਹਾ ਕਿ ਸੀ.ਐਮ.ਸੀ. ਹਸਪਤਾਲ ਦੇ ਤਜਰਬੇਕਾਰ ਡਾਕਟਰਾਂ ਦੀ ਟੀਮ ਪੂਰੀ ਲਗਨ ਨਾਲ ਸੇਵਾਵਾਂ ਦੇ ਰਹੀ ਹੈ ਤੇ ਬੜੀ ਗ਼ੌਰ ਨਾਲ ਮਰੀਜ਼ਾਂ ਦੀਆਂ ਬਿਮਾਰੀਆਂ ਸਬੰਧੀ ਗੱਲਬਾਤ ਕਰ ਕੇ ਦਵਾਈਆਂ ਦਿੱਤੀਆਂ ਜਾਂਦੀਆਂ ਹਨ।

ਕੈਂਪ ਵਿਚ ਮਰੀਜ਼ਾਂ ਨੂੰ ਮੁ.ਫ਼ਤ 'ਚ ਦਵਾਈਆਂ ਮੁਹੱਈਆ ਕਰਵਾ ਰਹੀ ਸੀ.ਐੱਮ.ਸੀ. ਹਸਪਤਾਲ ਦੀ ਫਾਰਮੇਸੀ ਟੀਮ। ਅਜੀਤ ਤਸਵੀਰ

ਮਹਾਨ ਗੁਰਮਤਿ ਸਮਾਗਮ 30 ਨੂੰ

ਭਾਈ ਬਲਦੇਵ ਸਿੰਘ ਵਡਾਲਾ

ਬਰਨਾਲਾ, 27 ਨਵੰਬਰ (ਗੁਰਪ੍ਰੀਤ ਸਿੰਘ ਲਾਡੀ)-ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦੂਜਾ ਮਹਾਨ ਗੁਰਮਤਿ ਸਮਾਗਮ 30 ਨਵੰਬਰ ਨੂੰ ਸਵੇਰੇ 9 ਤੋਂ 11 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਦਰ ਬਾਜ਼ਾਰ ਬਰਨਾਲਾ ਵਿਖੇ ਕਰਵਾਇਆ ਜਾਵੇਗਾ। ਇਹ ਜਾਣਕਾਰੀ ਸਿੱਖ ਸਦਭਾਵਨਾ ਦਲ ਜ਼ਿਲ੍ਹਾ ਬਰਨਾਲਾ ਦੇ ਜਥੇਦਾਰ ਗੁਰਜੀਤ ਸਿੰਘ ਬਿੱਟੂ ਬਰਨਾਲਾ ਨੇ ਦਿੰਦਿਆਂ ਦੱਸਿਆ ਕਿ ਸਮਾਗਮ ਦੌਰਾਨ ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਬਲਦੇਵ ਸਿੰਘ ਵਡਾਲਾ ਮੁੱਖ ਸੇਵਾਦਾਰ ਸਿੱਖ ਸਦਭਾਵਨਾ ਦਲ (ਪੰਜਾਬ) ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਪਿੰਡ ਗਹਿਲ ਵਿਖੇ ਮਾਂ ਦੇ ਅਕਾਲ ਚਲਾਣੇ ਦੇ ਦੋ ਦਿਨ ਬਾਅਦ ਪੁੱਤ ਵੀ ਚੱਲ ਵਸਿਆ

ਟੱਲੇਵਾਲ, 27 ਨਵੰਬਰ (ਸੋਨੀ ਚੀਮਾ)-ਇਤਿਹਾਸਕ ਪਿੰਡ ਗਹਿਲ ਵਿਖੇ ਜਥੇਦਾਰ ਗੁਰਮੇਲ ਸਿੰਘ ਸੰਧੂ ਪੈਟਰੋਲ ਪੰਪ ਵਾਲਿਆਂ ਨੂੰ ਉਸ ਸਮੇਂ ਦੋਹਰਾ ਸਦਮਾ ਲੱਗਿਆ ਜਦ ਉਨ੍ਹਾਂ ਦੀ ਪਤਨੀ ਮਹਿੰਦਰ ਕੌਰ ਦੇ ਅਕਾਲ ਚਲਾਣੇ ਦੇ ਦੋ ਦਿਨਾਂ ਬਾਅਦ ਉਨ੍ਹਾਂ ਦੇ ਪੁੱਤਰ ਬਲਵੀਰ ਸਿੰਘ ਸੰਧੂ ਵੀ ਸੰਖੇਪ ਬਿਮਾਰੀ ਦੇ ਚੱਲਦਿਆਂ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਕਤ ਦੁਖਦਾਈ ਘਟਨਾ ਕਾਰਨ ਵਿਚ ਪਿੰਡ ਵਿਚ ਸੋਗ ਦੀ ਲਹਿਰ ਹੈ। ਜ਼ਿਕਰਯੋਗ ਹੈ ਕਿ ਕੁੱਝ ਦਿਨ ਪਹਿਲਾਂ ਬਲਵੀਰ ਸਿੰਘ ਸੰਧੂ ਦੀ ਮਾਤਾ ਮਹਿੰਦਰ ਕੌਰ ਅਕਾਲ ਚਲਾਣਾ ਕਰ ਗਏ ਸਨ, ਜਿਨ੍ਹਾਂ ਦੇ ਫੁੱਲਾਂ ਦੀ ਰਸਮ ਦੇ ਦੂਜੇ ਦਿਨ ਬਲਵੀਰ ਸਿੰਘ ਸੰਧੂ ਵੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਇਸ ਦੁਖਾਂਤ ਨਾਲ ਜਿੱਥੇ ਪਿੰਡ ਵਿਚ ਸੋਗ ਦੀ ਲਹਿਰ ਹੈ, ਉੱਥੇ ਸੰਧੂ ਪਰਿਵਾਰ ਨਾਲ ਵੱਖ-ਵੱਖ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਮ੍ਰਿਤਕ ਮਹਿੰਦਰ ਕੌਰ ਤੇ ਉਨ੍ਹਾਂ ਦੇ ਪੁੱਤਰ ਬਲਵੀਰ ਸਿੰਘ ਸੰਧੂ ਦੀ ਤਸਵੀਰ।

ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਅਤੇ ਉਪ ਦਫ਼ਤਰ ਬਰਨਾਲਾ ਦੀ ਵਰ੍ਹੇਗੰਢ 'ਤੇ ਭਦੌੜ ਵਿਸ਼ੇਸ਼ ਸਪਲੀਮੈਂਟ

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਕੋਟਿ-ਕੋਟਿ ਪ੍ਰਣਾਮ !

ਬਲਦੇਵ ਸਿੰਘ ਚੂੰਘਾ
ਮੈਂਬਰ ਸ਼੍ਰੋ: ਗੁ: ਪ੍ਰਬੰਧਕ ਕਮੇਟੀ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਦੀ ਸ਼ਲਾਘਾ ਕਰਦੇ ਹੋਏ ਗੁਰੂ ਚਰਨਾਂ ਵਿਚ ਅਰਦਾਸ ਕਰਦੇ ਹਾਂ ਸਾਡਾ ਨਗਰ ਹਮੇਸ਼ਾ ਖੁਸ਼ਹਾਲ, ਤੰਦਰੁਸਤ ਤੇ ਤਰੱਕੀਆਂ ਹਾਸਿਲ ਕਰੇ।

ਜਗਦੇਵ ਸਿੰਘ ਮੈਨੇਜਰ
ਗੁ: ਸਾਹਿਬ ਦਸਵੀ ਪਾਤਿਸ਼ਾਹੀ ਭਦੌੜ

ਵਲੋਂ :- ਗੁਰਦੁਆਰਾ ਸਾਹਿਬ ਪਾਤਿਸ਼ਾਹੀ ਛੇਵੀਂ ਅਤੇ ਦਸਵੀਂ ਭਦੌੜ।

ਭਦੌੜ ਸਪਲੀਮੈਂਟ ਦੀਆਂ ਵਿਨੋਦ ਕਲਸੀ ਨੂੰ ਮੁਬਾਰਕਾਂ !

ਰਾਮਗੜ੍ਹ ਫਿਲਿੰਗ ਸਟੇਸ਼ਨ

ਬੀਰਬਲ ਦਾਸ 98159-75370 | ਹਰੀਸ਼ ਗਰਗ 98159-36464 | ਗੋਰਾ ਲਾਲਾ 94635-08268 | ਸ਼ੀਤਲ ਕੁਮਾਰ 98732-63769

ਇੱਥੇ ਸ਼ੁੱਧ ਤੇਲ, ਨਾਪ ਤੋਲ 100% ਸਹੀ, ਗਾਹਕਾਂ ਲਈ ਫਿਲਟਰ ਪਾਣੀ, ਫ੍ਰੀਜ਼ ਬਾਥਰੂਮ ਦੀ ਸਹੂਲਤ, ਨਕਦੀ ਰਹਿਤ ਸਵੈਪ ਮਸ਼ੀਨ ਦਾ ਪ੍ਰਬੰਧ ਅਤੇ ਵਹੀਕਲਾਂ ਲਈ ਫਰੀ ਹਵਾ ਦਾ ਪ੍ਰਬੰਧ ਹੈ।

ਰਾਮਗੜ੍ਹ ਫਿਲਿੰਗ ਸਟੇਸ਼ਨ, ਬਰਨਾਲਾ ਮੋਗਾ ਰੋਡ, ਪਿੰਡ ਰਾਮਗੜ੍ਹ।

ਦਾਖਲਾ ਸ਼ੁਰੂ ਦਾਖਲਾ ਸ਼ੁਰੂ ਦਾਖਲਾ ਸ਼ੁਰੂ

ਪੁਰਾਣੀ, ਭਰੋਸੇਯੋਗ ਅਤੇ ਮੋਹਰੀ ਸੰਸਥਾ

ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ

ਬਿਲਾਸਪੁਰ (ਮੋਗਾ)
(ਮਾਨਤਾ ਪ੍ਰਾਪਤ)

ਦੋ ਵਾਰ ਫੈਪ ਬੈਸ ਸਕੂਲ ਐਵਾਰਡ

100 ਫੀਸਦੀ ਨਤੀਜੇ, ਅੰਗਰੇਜ਼ੀ ਮੀਡੀਅਮ, ਬੋਰਡ ਨਤੀਜਿਆਂ ਵਿਚ ਮੈਰਿਟਾਂ, ਵਜ਼ੀਫੇ, ਪੜ੍ਹਾਈ ਦੀਆਂ ਆਧੁਨਿਕ ਤਕਨੀਕਾਂ।

ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ
M.D.

ਐੱਨ.ਸੀ.ਸੀ./ਐੱਨ.ਐੱਸ.ਐੱਸ. ਸਟੇਟ ਐਵਾਰਡ, ਧਾਰਮਿਕ ਅਤੇ ਨੈਤਿਕ ਸਿੱਖਿਆ, ਸਮਾਰਟ ਕਲਾਸ ਰੂਮ, ਪ੍ਰੀ-ਨਰਸਰੀ ਤੋਂ +2 ਤੱਕ (ਮੈਡੀਕਲ, ਨਾਨ-ਮੈਡੀਕਲ, ਕਾਮਰਸ, ਆਰਟਸ)

ਪ੍ਰਿੰਸੀਪਲ ਮਹਿੰਦਰ ਕੌਰ ਢਿੱਲੋਂ
98143-80469

ਸਹਿਯੋਗੀ ਸੱਜਣ


ਕੇਵਲ ਸਿੰਘ ਮਝੈਲ
ਭੂਸ਼ਨ ਸਿੰਗਲਾ ਡਾਇਰੈਕਟਰ
ਗੁਰਜੰਟ ਸਿੰਘ ਮਾਨ
ਅਮਰਜੀਤ ਸਿੰਘ ਮੀਕਾ
ਨਰੋਤਮ ਕੋਛੜ ਭਾਜਪਾ ਆਗੂ
ਰਜਿੰਦਰ ਗੁਪਤਾ ਭਾਜਪਾ ਆਗੂ
ਜਸਪਾਲ ਲਾਡੀ ਰਾਮਗੜ੍ਹੀਆ ਬਾਡੀ
ਸੁਰਜੀਤ ਸਿੰਘ ਬੀ.ਜੀ.ਐਸ. ਸਕੂਲ
ਤਾਰ ਸਿੰਘ ਜੌਗੀਆਣਾ
ਜਸਵੰਤ ਜੈਦ ਪ੍ਰਧਾਨ
ਜੋਗਿੰਦਰ ਸਿੰਘ ਪ੍ਰਵਾਨਾ
ਜਸਵਿੰਦਰ ਸਿੰਘ ਭੁੱਲਰ
ਬਲ